# ਕੀਟਨਾਸ਼ਕ ਸੁਰੱਖਿਆ

dpr

ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 3


# ਗ਼ੈਰ-ਖੇਤੀਬਾੜੀ ਥਾਵਾਂ ਵਿੱਚ ਬੰਦ ਪ੍ਰਣਾਲੀਆਂ, ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ, ਅਤੇ ਬੰਦ ਗੱਡੀਆਂ

**ਕੁਝ ਕੀਟਨਾਸ਼ਕਾਂ ਲਈ, ਤੁਹਾਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਵਾਧੂ ਸੁਰੱਖਿਆ ਨਿਯਮ, ਖ਼ਾਸ ਉਪਕਰਨ, ਅਤੇ ਪੈਕੇਜ ਹੁੰਦੇ ਹਨ।** ਇਸ ਤੋਂ ਪਹਿਲਾਂ ਕਿ ਤੁਸੀਂ ਇਸ ਤਰ੍ਹਾਂ ਦੇ ਕੀਟਨਾਸ਼ਕਾਂ ਦਾ ਇਸਤੇਮਾਲ ਕਰੋ, ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਤੁਹਾਨੂੰ ਇਹਨਾਂ ਨਿਯਮਾਂ ਬਾਰੇ ਪਤਾ ਹੈ। ਕੀਟਨਾਸ਼ਕਾਂ ਨੂੰ ਰਲਾਉਣ, ਲੱਦਣ, ਅਤੇ ਇਸਤੇਮਾਲ ਕਰਨ ਸਮੇਂ ਖੁਦ ਨੂੰ ਸੁਰੱਖਿਅਤ ਰੱਖਣ ਦੇ ਕਈ ਤਰੀਕੇ ਹਨ। ਤੁਹਾਡੇ ਲਈ ਲੇਬਲ 'ਤੇ ਲਿਖੀਆਂ ਹਿਦਾਇਤਾਂ ਦੀ ਪਾਲਣਾ ਕਰਨੀ, ਸਹੀ ਕੱਪੜੇ ਅਤੇ ਨਿੱਜੀ ਸੁਰੱਖਿਆ ਉਪਕਰਨ ਪਹਿਨਣਾ (PPE), ਅਤੇ ਸਹੀ ਉਪਕਰਨ ਦੀ ਵਰਤੋਂ ਕਰਨੀ ਜ਼ਰੂਰੀ ਹੈ।

**ਸੁਰੱਖਿਆ ਸਬੰਧੀ ਸੁਝਾਅ 3**

**ਤੁਹਾਡੇ ਲਈ ਹਮੇਸ਼ਾ ਅੱਖਾਂ ਦੀ ਸੁਰੱਖਿਆ ਵਾਲੀਆਂ ਚੀਜ਼ਾਂ ਪਹਿਨਣਾ, ਜ਼ਰੂਰੀ ਹੈ, ਭਾਵੇਂ ਤੁਸੀਂ ਬੰਦ ਸਿਸਟਮਦਾ ਇਸਤੇਮਾਲ ਕਰ ਰਹੇ ਹੋ।**

## ਖਤਰਨਾਕ ਕੀਟਨਾਸ਼ਕਾਂ ਨਾਲ ਕੰਮ ਕਰਦੇ ਸਮੇਂ ਵਰਤਣ ਲਈ ਵਾਧੂ ਸੁਰੱਖਿਆ ਦੇ ਤਿੰਨ ਖ਼ਾਸ ਪ੍ਰਕਾਰ ਇਹ ਹਨ

### 1. ਬੰਦ ਪ੍ਰਣਾਲੀਆਂ

"ਬੰਦ ਪ੍ਰਣਾਲੀ" ਅਜਿਹਾ ਉਪਕਰਨ ਹੈ, ਜੋ ਉਨ੍ਹਾਂ ਖਤਰਨਾਕ ਕੀਟਨਾਸ਼ਕਾਂ ਤੋਂ ਤੁਹਾਡੀ ਸੁਰੱਖਿਆ ਕਰਦੀ ਹੈ। ਬੰਦ ਪ੍ਰਣਾਲੀਆਂ ਤੁਹਾਡੇ ਲਈ ਆਪਣੇ ਕੰਟੇਨਰ ਵਿੱਚੋਂ ਕੀਟਨਾਸ਼ਕ ਲੈਂਦੀਆਂ ਹਨ ਅਤੇ ਤੁਹਾਨੂੰ ਉਸਨੂੰ ਛੂਹਣ ਤੋਂ ਬਚਾਉਂਦੀਆਂ ਹਨ।

**ਮੈਂ ਬੰਦ ਪ੍ਰਣਾਲੀ ਦਾ ਇਸਤੇਮਾਲ ਕਦੋਂ ਕਰਾਂ?**

ਤੁਹਾਡੇ ਲਈ ਬੰਦ ਪ੍ਰਣਾਲੀ ਦਾ ਇਸਤੇਮਾਲ ਉਦੋਂ ਕਰਨਾ ਜ਼ਰੂਰੀ ਹੈ, ਜੇ ਲੇਬਲ 'ਤੇ ਲਿਖਿਆ ਹੋਵੇ ਕਿ ਬੰਦ ਪ੍ਰਣਾਲੀ ਲੋੜੀਂਦੀ ਹੈ।

ਜੇ ਤੁਸੀਂ ਘੱਟ ਤੋਂ ਘੱਟ ਪ੍ਰਭਾਵ ਵਾਲਾ ਕੀਟਨਾਸ਼ਕ ਰਲਾਉਂਦੇ ਜਾਂ ਲੱਦਦੇ ਹੋ, ਤਾਂ ਤੁਸੀਂ ਖੁਦ ਨੂੰ ਸੁਰੱਖਿਅਤ ਕਰਨ ਲਈ ਬੰਦ ਪ੍ਰਣਾਲੀ ਦਾ ਇਸਤੇਮਾਲ ਕਰ ਸਕਦੇ ਹੋ ਅਤੇ ਖ਼ਾਸ PPE ਪਹਿਨਣ ਦੀ ਲੋੜ ਨਹੀਂ। ਘੱਟ ਤੋਂ ਘੱਟ ਪ੍ਰਭਾਵ ਵਾਲਾ ਕੀਟਨਾਸ਼ਕ ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਕ ਨੂੰ N-6 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।



**ਬੰਦ ਪ੍ਰਣਾਲੀ ਦੀ ਦੇਖਭਾਲ ਕੌਣ ਕਰਦਾ ਹੈ?**


ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣ ਜ਼ਰੂਰੀ ਹੈ ਕਿ ਬੰਦ ਪ੍ਰਣਾਲੀ ਸਹੀ ਢੰਗ ਨਾਲ ਕੰਮ ਕਰ ਰਹੀ ਹੈ। ਜੇ ਇਹ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ ਹੈ ਤਾਂ ਇਹ ਤੁਹਾਨੂੰ ਸੁਰੱਖਿਅਤ ਨਹੀਂ ਰੱਖੇਗੀ। ਕੀਟਨਾਸ਼ਕ ਨਾਲ ਕੰਮ ਕਰਨ ਤੋਂ ਪਹਿਲਾਂ ਤੁਹਾਨੂੰ ਇਸਦੇ ਠੀਕ ਹੋਣ ਤੱਕ ਉਡੀਕ ਕਰਨ ਦਾ ਹੱਕ ਹੈ।



## 2. ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ

ਕੁਝ ਕੀਟਨਾਸ਼ਕਾਂ ਲਈ, ਕੀਟਨਾਸ਼ਕ ਦਾ ਨਿਰਮਾਤਾ ਵੀ ਨੁਕਸਾਨ ਤੋਂ ਤੁਹਾਡੀ ਸੁਰੱਖਿਆ ਲਈ ਕਦਮ ਚੁੱਕਦਾ ਹੈ। "ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ" ਇੱਕ ਖ਼ਾਸ ਕੀਟਨਾਸ਼ਕ ਕੰਟੇਨਰ ਜਾਂ ਪੈਕੇਜ ਹੈ। ਜਦੋਂ ਪੈਕੇਜ ਨੂੰ ਪਾਣੀ ਵਿੱਚ ਪਾਇਆ ਜਾਂਦਾ ਹੈ ਤਾਂ ਪੈਕੇਜ ਅਤੇ ਕੀਟਨਾਸ਼ਕ ਦੋਵੇਂ ਹੀ ਘੁਲ ਜਾਂਦੇ ਹਨ। ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ ਵਿੱਚ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਨਾਲ ਇਹ ਤੁਹਾਡੀ ਉਵੇਂ ਹੀ ਸੁਰੱਖਿਆ ਕਰਦੇ ਹਨ, ਜਿਵੇਂ ਕਿ ਬੰਦ ਪ੍ਰਣਾਲੀ ਕਰਦੀ ਹੈ। **ਕਦੇ ਵੀ** ਪਾਣੀ ਵਿੱਚ ਘੁਲਣਸ਼ੀਲ ਪੈਕੇਜ ਨੂੰ ਕੱਟੋ ਨਾ, ਭਾਵੇਂ ਤੁਸੀਂ ਇਸਦਾ ਸਿਰਫ਼ ਕੁਝ ਹਿੱਸਾ ਹੀ ਇਸਤੇਮਾਲ ਕਰਨਾ ਚਾਹੁੰਦੇ ਹੋ। ਇਸ ਨਾਲ ਕੀਟਨਾਸ਼ਕ ਤੁਹਾਡੇ ਉੱਤੇ ਪੈਣ ਅਤੇ ਤੁਹਾਨੂੰ ਬੀਮਾਰ ਕਰਨ ਜਾਂ ਨੁਕਸਾਨ ਪਹੁੰਚਾਉਣ ਦਾ ਬਹੁਤ ਵੱਡਾ ਖਤਰਾ ਪੈਦਾ ਹੁੰਦਾ ਹੈ।

## 3. ਬੰਦ ਗੱਡੀਆਂ



"ਬੰਦ ਗੱਡੀ" ਅਜਿਹੀ ਥਾਂ ਹੈ, ਜਿੱਥੇ ਤੁਸੀਂ ਉਸ ਸਮੇਂ ਬੈਠ ਸਕਦੇ ਹੋ ਅਤੇ ਸੁਰੱਖਿਅਤ ਰਹਿ ਸਕਦੇ ਹੋ, ਜਦੋਂ ਤੁਹਾਡੇ ਆਲੇ-ਦੁਆਲੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੋਵੇ। ਬੰਦ ਗੱਡੀਆਂ ਬੰਦ ਕੀਤੀਆਂ ਜਾ ਸਕਣ ਵਾਲੀਆਂ ਖਿੜਕੀਆਂ ਅਤੇ ਦਰਵਾਜਿਆਂ ਵਾਲਾ ਕੋਈ ਟ੍ਰੈਕਟਰ ਜਾਂ ਹੋਰ ਵਾਹਨ ਹੋ ਸਕਦਾ ਹੈ। ਬੰਦ ਗੱਡੀਆਂ ਨੂੰ ਕਿਸੇ ਵੀ ਉਸ ਬਾਹਰਲੀ ਚੀਜ਼ ਨੂੰ ਛੂਹਣ ਤੋਂ ਬਚਾਉਣਾ ਜ਼ਰੂਰੀ ਹੈ, ਜਿਸ ਉੱਤੇ ਕੀਟਨਾਸ਼ਕ ਲੱਗਿਆ ਹੋਵੇ। ਲੇਬਲ 'ਤੇ ਲਿਖਿਆ ਹੋ ਸਕਦਾ ਹੈ ਕਿ ਤੁਸੀਂ ਇਸਤੇਮਾਲ ਦੇ ਦੌਰਾਨ ਕਿਸੇ ਬੰਦ ਗੱਡੀ ਦਾ ਇਸਤੇਮਾਲ ਕਰੋ। ਤੁਹਾਡਾ ਮਾਲਕ ਵੀ ਵਾਧੂ ਸੁਰੱਖਿਆ ਲਈ ਬੰਦ ਗੱਡੀ ਮੁਹੱਈਆ ਕਰ ਸਕਦਾ ਹੈ। ਇਸ ਲੀਫ਼ਲੈਟ ਦੇ ਅੰਤ ਵਿੱਚ ਸਾਰਣੀ ਸਪਸ਼ਟ ਕਰਦੀ ਹੈ ਕਿ ਤੁਹਾਡਾ PPE ਕਿਵੇਂ ਬਦਲਿਆ ਜਾ ਸਕਦਾ ਹੈ, ਜਦੋਂ ਤੁਸੀਂ ਇੱਕ ਬੰਦ ਗੱਡੀ ਦਾ ਇਸਤੇਮਾਲ ਕਰ ਰਹੇ ਹੋਵੋ, ਅਤੇ ਤੁਹਾਨੂੰ ਗੱਡੀ ਵਿੱਚ ਰੈਸਪੀਰੇਟਰ (ਸ਼ਵਾਸ-ਯੰਤਰ) ਪਹਿਨਣ ਦੀ ਲੋੜ ਹੋਵੇ।

ਭਾਵੇਂ ਤੁਹਾਨੂੰ ਲੇਬਲ ਦੀਆਂ ਸ਼ਰਤਾਂ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਸਾਰੇ PPE ਨਾ ਪਹਿਨਣੇ ਪੈਣ, ਫਿਰ ਵੀ ਇਹ ਤੁਹਾਡੇ ਕੋਲ ਹੋਣੇ ਅਤੇ ਇੱਕ ਸੀਲਬੰਦ ਕੰਟੇਨਰ ਵਿੱਚ ਸਾਂਭੇ ਹੋਣੇ ਜ਼ਰੂਰੀ ਹਨ। ਜਦੋਂ ਤੁਸੀਂ ਇਸਤੇਮਾਲ ਵਾਲੇ ਖੇਤਰ ਵਿੱਚ ਹੋਵੋ ਤਾਂ ਗੱਡੀ ਵਿੱਚੋਂ ਨਿੱਕਲਦੇ ਸਮੇਂ ਤੁਹਾਡੇ ਲਈ PPE ਪਹਿਨਣਾ ਜ਼ਰੂਰੀ ਹੈ। ਜਦੋਂ ਤੁਸੀਂ ਇਸਤੇਮਾਲ ਵਾਲੇ ਖੇਤਰ ਵਿੱਚ PPE ਪਹਿਨੋ, ਤਾਂ ਗੱਡੀ ਵਿੱਚ ਮੁੜ ਦਾਖ਼ਲ ਹੋਣ ਤੋਂ ਪਹਿਲਾਂ ਤੁਹਾਡੇ ਲਈ ਇਹਨਾਂ ਨੂੰ ਉਤਾਰਨਾ ਜ਼ਰੂਰੀ ਹੈ।



## ਜੇ ਮੈਂ ਵਾਧੂ ਸੁਰੱਖਿਆ ਉਪਕਰਨ ਵਰਤਾਂ, ਤਾਂ ਕੀ ਤਦ ਵੀ ਮੈਨੂੰ ਨਿੱਜੀ ਸੁਰੱਖਿਆ ਉਪਕਰਨ (PPE) ਪਹਿਨਣ ਦੀ ਲੋੜ ਹੈ?

ਬੰਦ ਪ੍ਰਣਾਲੀ ਦਾ ਇਸਤੇਮਾਲ ਕਰਦੇ ਸਮੇਂ ਤੁਹਾਡੇ ਲਈ ਹਮੇਸ਼ਾ ਅੱਖਾਂ ਦੀਆਂ ਸੁਰੱਖਿਆ ਵਾਲੀ ਚੀਜ਼ਾਂ ਪਹਿਨਣਾ ਜ਼ਰੂਰੀ ਹੈ, ਜਿਨ੍ਹਾਂ ਵਿੱਚ ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ ਵਿੱਚ ਕੀਟਨਾਸ਼ਕ ਸ਼ਾਮਲ ਹਨ। ਪਰ ਕਦੇ-ਕਦਾਈਂ ਤੁਸੀਂ ਵੱਖਰੇ PPE ਪਹਿਨ ਸਕਦੇ ਹੋ। ਕੀਟਨਾਸ਼ਕ ਦੇ ਲੇਬਲ 'ਤੇ ਅਤੇ ਕੈਲੀਫ਼ੋਰਨੀਆ ਦੇ ਨਿਯਮਾਂ ਵਿੱਚ ਸੂਚੀਬੱਧ ਹੈ ਕਿ ਕੁਝ ਕੀਟਨਾਸ਼ਕਾਂ ਲਈ ਤੁਹਾਨੂੰ ਕਿਹੜੇ PPE ਦੀ ਲੋੜ ਹੈ। ਹੇਠਾਂ ਦਿੱਤੇ ਚਾਰਟ ਵਿੱਚ ਉਹ PPE ਸੂਚੀਬੱਧ ਹਨ, ਜੋ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ ਪਹਿਨ ਸਕਦੇ ਹੋ। ਜਦੋਂ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ, ਭਾਵੇਂ ਤੁਹਾਨੂੰ ਲੇਬਲ 'ਤੇ ਲਿਖੇ ਅਨੁਸਾਰ ਸਾਰੇ PPE ਨਾ ਪਹਿਨਣੇ ਪੈਣ, ਫਿਰ ਵੀ ਕਿਸੇ ਐਮਰਜੈਂਸੀ ਦੀ ਸਥਿਤੀ ਲਈ ਸਾਰੇ PPE ਉਸ ਥਾਂ 'ਤੇ ਹੋਣੇ ਜ਼ਰੂਰੀ ਹਨ, ਜਿੱਥੇ ਤੁਸੀਂ ਕੀਟਨਾਸ਼ਕ ਰਲਾਉਂਦੇ ਜਾਂ ਲੱਦਦੇ ਹੋ।



### ਉਹ PPE (ਨਿੱਜੀ ਸੁਰੱਖਿਆ ਉਪਕਰਣ) ਜੋ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ ਵਰਤ ਸਕਦੇ ਹੋ

| ਜੇਕਰ ਤੁਸੀਂ ਇਸਦੀ ਵਰਤੋਂ ਕਰਦੇ ਹੋ | ਇਸਦੀ ਬਜਾਏ | ਤਾਂ ਤੁਸੀਂ [1] |
|---|---|---|
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE | ਬੰਦ ਪਰ੍ਣਾਲੀ ਜਾਂ "ਖ਼ਤਰਾ" ਜਾਂ "ਚੇਤਾਵਨੀ" ਸੰਕੇਤ ਸ਼ਬਦ ਵਾਲੇ ਕੀਟਨਾਸ਼ਕਾਂ ਲਈ ਪਾਣੀ ਵਿੱਚ ਘੁਲਣਸ਼ੀਲ ਪੈਕੇਟਾਂ ਦਾ ਇਸਤੇਮਾਲ ਕਰਦੇ ਹੋ | ਕਵਰਆਲ, ਰਸਾਇਣ-ਪਰ੍ਤੀਰੋਧਕ ਦਸਤਾਨੇ, ਰਸਾਇਣ-ਰੋਧਕ ਐਪਰਨ, ਅਤੇ ਅੱਖਾਂ ਦੀਆਂ ਸੁਰੱਖਿਆ ਵਾਲੀਆਂ ਚੀਜ਼ਾਂ ਵਰਤ ਸਕਦੇ ਹੋ |
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE | ਬੰਦ ਪਰ੍ਣਾਲੀ ਜਾਂ "ਸਾਵਧਾਨੀ" ਸੰਕੇਤ ਸ਼ਬਦ ਵਾਲੇ ਕੀਟਨਾਸ਼ਕਾਂ ਲਈ ਪਾਣੀ ਵਿੱਚ ਘੁਲਣਸ਼ੀਲ ਪੈਕੇਟ | ਕੰਮ ਵਾਲੇ ਕੱਪੜੇ (ਕਮੀਜ਼, ਪੈਂਟਾਂ, ਜੁੱਤੀਆਂ) ਅੱਖਾਂ ਦੀ ਸੁਰੱਖਿਆ |
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਦਾ PPE, ਕਿਸੇ ਰੈਸਪੀਰੇਟਰ (ਸ਼ਵਾਸ-ਯੰਤਰ) ਦੀ ਲੋੜ ਨਹੀ | ਬੰਦ ਗੱਡੀ | ਕੰਮ ਵਾਲੇ ਕੱਪੜੇ |
| ਲੇਬਲ ਦੇ ਅਨੁਸਾਰ, ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਦਾ ਫਿਲਟਰਿੰਗ ਫੇਸ ਪੀਸ ਜਾਂ ਮਿੱਟੀ/ਜਾਲੇ ਨੂੰ ਫਿਲਟਰ ਕਰਨ ਵਾਲਾ ਰੈਸਪੀਰੇਟਰ (ਸ਼ਵਾਸ-ਯੰਤਰ) ਸਮੇਤ PPE | ਸਹੀ ਢੰਗ ਨਾਲ ਪਰ੍ਬੰਧਿਤ ਅਤੇ ਕੰਮ ਕਰਨ ਯੋਗ ਹਵਾਦਾਰ ਪਰ੍ਣਾਲੀ **ਵਾਲੀ** ਬੰਦ ਗੱਡੀ | ਕੰਮ ਵਾਲੇ ਕੱਪੜੇ |
| ਲੇਬਲ ਦੇ ਅਨੁਸਾਰ, [2] ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦੇ ਵੱਖਰੇ ਤਰਹ੍ਾਂ ਦੇ ਰੈਸਪੀਰੇਟਰ (ਸ਼ਵਾਸ-ਯੰਤਰ) ਸਮੇਤ PPE | ਬੰਦ ਗੱਡੀ | ਲੇਬਲ ਦੇ ਅਨੁਸਾਰ ਲੋੜੀਂਦੇ ਕੰਮ ਵਾਲੇ ਕੱਪੜੇ ਅਤੇ ਰੈਸਪੀਰੇਟਰ (ਸ਼ਵਾਸ-ਯੰਤਰ) |

**1** ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦੇ ਸਾਰੇ PPE ਐਮਰਜੈਂਸੀ ਦੀ ਸਥਿਤੀ ਲਈ ਕੰਮ ਵਾਲੀ ਸਾਈਟ ਤੇ ਹੋਣੇ ਜ਼ਰੂਰੀ ਹਨ।

**2** ਉਦਾਹਰਨ ਲਈ, ਜੈਵਿਕ ਵਾਸ਼ਪ ਕਾਰਟਰਿਜ ਵਾਲਾ ਅੱਧੇ-ਚਿਹਰੇ ਦਾ ਜਾਂ ਪੂਰੇ-ਚਿਹਰੇ ਦਾ ਰੈਸਪੀਰੇਟਰ (ਸ਼ਵਾਸ-ਯੰਤਰ)।

ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ
https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**
- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**
**1-87PestLine**
**ਜਾਣਕਾਰੀ ਲਾਈਨ**
**1-877-378-5463**

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series